File No.HFW-HLH2026D/1/2022-2H2

I/302850/2022

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ ।

ਮਿਤੀ, ਚੰਡੀਗੜ੍ਹ 06/01/2022

ਵਿਸ਼ਾ:- ਫੈਲੋਸ਼ਿਪ ਕਰਨ ਲਈ ਐਨ.ਓ.ਸੀ ਜਾਰੀ ਕਰਨ ਬਾਰੇ - ਡਾ: ਰਾਹੁਲ ਭਾਰਤੀ, ਮੈਡੀਕਲ ਅਫਸਰ, ਮੈਰਿਟ ਨੰ: 240/2015, ਸਿਵਲ ਹਸਪਤਾਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ।

******

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਈ-4(8)-ਪੰ:2021/9837, ਮਿਤੀ 17.12.2021 ਦੇ ਹਵਾਲੇ ਵਿਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਵੇਰਵਿਆਂ/ਤਜਵੀਜ਼ਾਂ/ਸਿਫਾਰਸ਼ਾਂ ਅਨੁਸਾਰ ਹੇਠ ਦਰਸਾਏ ਗਏ ਪੀ.ਸੀ.ਐਮ.ਐਸ਼ ਮੈਡੀਕਲ ਅਫਸਰ ਨੂੰ ਫੈਲੋਸ਼ਿਪ ਕਰਨ ਲਈ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ | ਡਾਕਟਰ ਦਾ ਨਾਂ ਅਤੇ ਮੈਰਿਟ ਨੰ: | ਜੁਆਇੰਨ ਕਰਨ ਦੀ ਮਿਤੀ | ਪਰਖ ਕਾਲ ਪਾਰ ਹੈ । | ਸਪੈਸ਼ਲਿਟੀ ਦਾ ਨਾਂ | ਕੋਰਸ ਦਾ ਸਮਾਂ | ਕੋਰਸ ਕਿੱਥੋਂ ਕੀਤਾ ਜਾਂਣਾ ਹੈ |
|---|---|---|---|---|---|---|
| 1 | ਡਾ: ਰਾਹੁਲ ਭਾਰਤੀ, ਮੈਡੀਕਲ ਅਫਸਰ, ਮੈਰਿਟ ਨੰ: 240/2015, ਸਿਵਲ ਹਸਪਤਾਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ । | 25.09.2015 | ਹਾਂ ਜੀ | ( Neonatology ) | ਮਿਤੀ 01.01.2022 ਤੋਂ 31.12.2022 ਤੱਕ | ਐਸ.ਪੀ.ਐਸ ( ਸਤਗੁਰੂ ਪ੍ਰਤਾਪ ਸਿੰਘ ) ਹਸਪਤਾਲ ਲੁਧਿਆਣਾ |

3. ਡ.ਸ.ਪ.ਭ. ਵੱਲੋਂ ਪ੍ਰਾਪਤ ਤਜਵੀਜ਼/ਵੇਰਵਿਆਂ ਅਨੁਸਾਰ ਉਕਤ ਮੈਡੀਕਲ ਅਫਸਰਾਂ ਨੂੰ ਸਰਕਾਰ ਵੱਲੋਂ ਮਿਤੀ 03.01.2022 ਰਾਹੀਂ ਜਾਰੀ ਹਦਾਇਤਾਂ ਦੇ ਭਾਗ ਪੰਜਾਬ ਰਾਜ ਅਤੇ ਪੰਜਾਬ ਰਾਜ ਤੋ ਬਾਹਰ ਦੇ ਸਰਕਾਰੀ/ਪ੍ਰਾਈਵੇਟ ਅਦਾਰਿਆਂ ਵਿੱਚ ਆਪਣੇ ਖਰਚੇ ਤੇ ਅਨੁਸਾਰ ਬਾਂਡ ਭਰਨਾ ਪਵੇਗਾ। ਸਰਕਾਰ ਵੱਲੋਂ ਜਾਰੀ

ਹਦਾਇਤਾਂ ਮਿਤੀ 03.01.2022 ਵਿੱਚ ਫੈਲੋਸ਼ਿਪ ਕੋਰਸ ਕੋਰਸ ਕਰਨ ਸਬੰਧੀ ਹੇਠ ਦਰਸਾਏ ਅਨੁਸਾਰ ਉਪਬੰਧ ਕੀਤਾ ਗਿਆ ਹੈ :-

<u>ਪੰਜਾਬ ਰਾਜ ਅਤੇ ਪੰਜਾਬ ਰਾਜ ਤੋ ਬਾਹਰ ਦੇ ਸਰਕਾਰੀ/ਪ੍ਰਾਈਵੇਟ ਅਦਾਰਿਆਂ ਵਿੱਚ ਆਪਣੇ ਖਰਚੇ ਤੇ:-</u>

ੳ) ਫੈਲੋਸ਼ਿਪ ਕੋਰਸ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-

| | |
|---|---|
| 1 ਸਾਲ ਦਾ ਕੋਰਸ ਜਾਂ ਇਸ ਤੋ ਘੱਟ- | 01 ਲੱਖ ਦਾ ਬਾਂਡ (01 ਸਾਲ ਲਈ) |
| 1 ਸਾਲ ਤੋ ਵੱਧ ਅਤੇ 02 ਸਾਲ ਤੱਕ ਦਾ ਕੋਰਸ - | 02 ਲੱਖ ਦਾ ਬਾਂਡ (02 ਸਾਲ ਲਈ) |

ਸਬੰਧਤ ਡਾਇਰੈਕਟਰ ਬਾਂਡ ਭਰਵਾਉਣ ਉਪਰੰਤ ਡਾਕਟਰ ਨੂੰ ਰਲੀਵ ਕਰਨਗੇ ਅਤੇ ਲੋੜੀਦੇ ਇੰਦਰਾਜ ਸੇਵਾ ਪੱਤਰੀ ਵਿੱਚ ਕੀਤੇ ਜਾਣਗੇ।

ਅ) ਡਾਕਟਰ ਦਾ ਪਰਖਕਾਲ ਸਮਾਂ ਪਾਰ ਨਹੀ ਹੈ ਤਾਂ ਫੈਲੋਸਿਪ ਕੋਰਸ ਕਰਨ ਲਈ ਘੱਟੋ-ਘੱਟ 01 ਸਾਲ ਦੀ ਸੇਵਾ ਜਰੂਰੀ ਹੋਵੇਗੀ।

ੲ) ਜੇਕਰ ਡਾਕਟਰ ਵੱਲੋ ਫੈਲੋਸਿਪ ਕੋਰਸ ਵਿਚਕਾਰ ਹੀ ਛੱਡ ਦਿੱਤਾ ਜਾਂਦਾ ਹੈ ਤਾਂ ਉਹ ਫੈਲੋਸਿਪ ਕੋਰਸ ਕਰਨ ਲਈ ਅਗਲੇ 05 ਸਾਲ ਲਈ ਡੀਬਾਰ ਹੋ ਜਾਵੇਗਾ।

ਸ) ਡਾਕਟਰ ਵਿਰੁੱਧ ਕੋਈ ਦੋਸ਼ ਸੂਚੀ/ਪੜਤਾਲ ਲੰਬਤ ਨਾ ਹੋਵੇ।

ਹ) ਫੈਲੋਸਿਪ ਕੋਰਸ ਦਾ ਸਮਾਂ ਬਣਦੀ ਛੁੱਟੀ ਤਸੱਵਰ ਕੀਤਾ ਜਾਵੇਗਾ।

5. ਡਾਕਟਰਾਂ ਨੂੰ ਐਨ.ਓ.ਸੀ ਉਕਤ ਹਦਾਇਤਾ ਤੋਂ ਇਲਾਵਾ ਇਸ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਡਾਕਟਰ ਵਿਰੁੱਧ ਬਾਅਦ ਵਿਚ ਕੋਈ ਪ੍ਰਤੀਕੂਲ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਜਾਂ ਕਿਸੇ ਵੱਲੋਂ ਸਰਕਾਰ ਦੇ ਧਿਆਨ ਵਿਚ ਲਿਆਏ ਜਾਂਦੇ ਹਨ ਤਾਂ ਜਾਰੀ ਕੀਤੇ ਇਹ ਐਨ.ਓ.ਸੀ. ਰੱਦ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ ।

6. ਇਹ ਪੱਤਰ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ।

ਸੁਪਰਡੰਟ

ਪਿੰਠ ਅੰਕਣ ਨੰ: HFW-HLH2026D/1/2022-2H2/I/302850/2022 ਮਿਤੀ:ਚੰਡੀਗੜ੍ਹ: 06/01/2022

ਇਸ ਦਾ ਇਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

ਰਜਿ: 1. S.P.S ( ਸਤਗੁਰੂ ਪ੍ਰਤਾਪ ਸਿੰਘ ) ਹਸਪਤਾਲ, SHERPUR CHOWK, Grand Trunk Rd, Ludhiana, Punjab 141003 .

2. ਸਬੰਧਤ ਸਿਵਲ ਸਰਜਨ । ( ਵੈਬਸਾਇਟ ਰਾਂਹੀ )

3. ਸਬੰਧਤ ਡਾਕਟਰ। ( ਵੈਬਸਾਇਟ ਰਾਂਹੀ )

ਸੁਪਰਡੰਟ